International Journal of Applied Research 2015; 1(13): 899-902




**ISSN Print:** 2394-7500
**ISSN Online:** 2394-5869
**Impact Factor:** 5.2
IJAR 2015; 1(13): 899-902
www.allresearchjournal.com
Received: 12-10-2015
Accepted: 19-11-2015

**ਡਾ. ਹੰਸਪ੍ਰੀਤ ਕੌਰ**
ਸਹਾਇਕ ਪ੍ਰੋਫੈਸਰ, ਸ਼੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ, ਭਾਰਤ

# ਪੰਜਾਬੀ ਲੋਕ ਗੀਤਾਂ ਵਿੱਚ ਔਰਤ ਦੀ ਮਾਨਸਿਕ ਸੰਵੇਦਨਾ

**ਡਾ. ਹੰਸਪ੍ਰੀਤ ਕੌਰ**

**ਜਾਣ-ਪਛਾਣ**

ਪੰਜਾਬੀ ਲੋਕਧਾਰਾ ਤੇ ਸਭਿਆਚਾਰ ਇਕ ਅਜਿਹਾ ਅਨੁਸਾਸ਼ਨ ਹੈ ਜਿਸ ਦੇ ਅੰਤਰਗਤ ਸਮਾਜ ਵਿੱਚ ਵੱਸਦੇ ਜਨ ਸਮੂਹ ਦੀਆਂ ਰੀਤਾਂ-ਰਸਮਾਂ, ਕਾਰ-ਵਿਹਾਰ, ਖਾਣ-ਪੀਣ, ਪਹਿਰਾਵਾ, ਲੋਕ-ਖੇਡਾਂ, ਵਿਸਵਾਸ਼, ਧਾਰਮਿਕ ਮਨੌਤਾਂ, ਰਹਿਤ ਮਰਿਆਦਾਵਾਂ ਆਦਿ ਸਮੋਈਆਂ ਹੁੰਦੀਆਂ ਹਨ। ਖਾਸ ਤੌਰ 'ਤੇ ਪੰਜਾਬੀ ਲੋਕਧਾਰਾ ਦਾ ਖੇਤਰ ਏਨਾ ਵਿਸ਼ਾਲ ਹੈ ਕਿ ਪੰਜਾਬੀ ਸਮਾਜ ਵਿੱਚ ਰਹਿ ਰਿਹਾ ਹਰੇਕ ਮਨੁੱਖ ਆਪਣੇ ਨਿਤਾਪ੍ਰਤੀ ਦੇ ਰੁਝੇਵਿਆਂ ਵਿਚਲੇ ਵਰਤਾਰੇ ਅਤੇ ਮਨੋਰੰਜਕ ਸਾਧਨਾਂ ਨੂੰ ਸਹਿਜੇ ਹੀ ਮਹਿਸੂਸ ਕਰ ਸਕਦਾ ਹੈ। ਜੇਕਰ ਪੰਜਾਬੀ ਲੋਕ ਗੀਤਾਂ ਦਾ ਵਿਸ਼ਲੇਸ਼ਣ ਕਰ ਕੇ ਦੇਖੀਏ ਤਾਂ ਲੋਕਗੀਤ ਹੀ ਅਜਿਹੀ ਵੰਨਗੀ ਹੈ ਜਿਨ੍ਹਾਂ ਦੇ ਰਾਹੀਂ ਰਿਸ਼ਤਿਆਂ ਨੂੰ ਮਿਠਾਸ ਨੂੰ ਸਾਂਭ ਕੇ ਰੱਖਿਆ ਹੈ। ਅਜੋਕੇ ਪੂੰਜੀਵਾਦੀ ਅਤੇ ਪਦਾਰਥਵਾਦੀ ਸੋਚ ਦੇ ਤਹਿਤ ਉਸਰਿਆ ਸਾਡਾ ਸਮਾਜ ਰਿਸ਼ਤਿਆਂ ਦੇ ਨਿੱਘ ਤੋਂ ਵਿਹੂਣਾ ਵਿਚਰ ਰਿਹਾ ਹੈ। ਪਦਾਰਥਵਾਦੀ ਸੋਚ ਤੇ ਅਧਾਰਿਤ ਇਕਹਿਰੇ ਪਰਿਵਾਰਾਂ ਦੇ ਰੁਝਾਨ ਨੇ ਸਾਡੇ ਕੋਲੋਂ ਗੁੜ ਦੀ ਮਿਠਾਸ ਤੋਂ ਮਿੱਠੇ ਅਨੇਕਾਂ ਹੀ ਰਿਸ਼ਤਿਆਂ ਦੀ ਬਲੀ ਲੈ ਲਈ ਹੈ। ਅਜੋਕੇ ਯੁੱਗ ਵਿੱਚ ਕੇਵਲ ਇੱਕ ਹੀ ਪੁੱਤਰ ਦੀ ਪੈਦਾਇਸ਼ ਤੋਂ ਬਾਅਦ ਚਾਚੇ-ਤਾਏ ਦਾ ਰਿਸ਼ਤਾ ਅਲੋਪ ਹੁੰਦਾ ਜਾ ਰਿਹਾ ਹੈ ਪ੍ਰੰਤੂ ਜੇਕਰ ਰਿਸ਼ਤਿਆਂ ਦੀ ਮਿਠਾਸ ਤੇ ਪ੍ਰਮਾਣਿਕਤਾ ਨੂੰ ਵੇਖਣਾ ਹੋਵੇ ਤੇ ਪੰਜਾਬੀ ਸੱਭਿਆਚਾਰ ਤੋਂ ਇਲਾਵਾ ਇਸ ਦੀ ਕਿਤੇ ਵੀ ਉੱਤਮ ਮਿਸਾਲ ਨਹੀਂ ਮਿਲ ਸਕਦੀ ਹੈ। ਸਾਡੇ ਕੋਲ ਗੀਤਾਂ ਵਿੱਚ ਸਾਡੇ ਪੰਜਾਬੀ ਸੱਭਿਆਚਾਰ ਦੀ ਨੁਹਾਰ ਦਿਸਦੀ ਹੈ ਕਿ ਪੰਜਾਬੀ ਕਿਵੇਂ ਸਵੈ ਕੇਂਦਰਿਤ ਹੋਣ ਵਾਲੇ ਨਹੀਂ ਬਲਕਿ ਸਰਬ ਸਾਂਝੀਵਾਲਤਾ ਦੀ ਭਾਵਨਾ ਵਾਲੇ ਹਨ। ਜੇਕਰ ਅਸੀਂ ਅਜੋਕੇ ਸਮੇਂ ਦੇ ਅਨੁਸਾਰ ਰਿਸ਼ਤਿਆਂ ਦੀਆਂ ਸਮੀਕਰਣਾਂ ਨੂੰ ਵੇਖਦੇ ਹਾਂ ਜੋ ਕਿ ਬਿਲਕੁਲ ਪੂੰਜੀ ਕੇਂਦਰਿਤ ਹੈ। ਲੋਕ ਗੀਤਾਂ ਵਿੱਚ ਪੇਸ਼ ਰਿਸ਼ਤਿਆਂ ਦੀ ਮਿਠਾਸ ਕਿਤੇ ਗੁੰਮ ਹੋ ਗਈ ਲਗਦੀ ਹੈ। ਲੋਕ ਗੀਤ ਜਿੱਥੇ ਸਮਾਜ ਦੇ ਵਿਭਿੰਨ ਲੋਕਾਂ ਦੇ ਮਾਨਸ ਅਭਵਿਅਕਤੀ ਦਾ ਸਾਧਨ ਹਨ ਖਾਸਕਰ ਔਰਤ ਜੋ ਕਿ ਲੋਕ ਗੀਤਾਂ ਦੇ ਰਾਹੀਂ ਆਪਣੀ ਇੱਛਾਂ ਨੂੰ ਪੇਸ਼ ਕਰਦੀ ਹੈ ਦਾ ਸਾਧਨ ਵੀ ਹਨ ਉੱਥੇ ਆਉਣ ਵਾਲੀਆਂ ਪੀੜੀਆਂ ਦੇ ਲਈ ਅਣਮੁੱਲਾਂ ਖ਼ਜ਼ਾਨਾ ਜਾਂ ਦਿਸ਼ਾ ਨਿਰਦੇਸ਼ ਵੀ ਹਨ ਜੋ ਉਹਨਾਂ ਦੀ ਸਕੂਨ ਦਾ ਕਾਰਨ ਵੀ ਬਣ ਸਕਦੇ ਹਨ ਉਹ ਆਪਣੀ ਸੰਸਕ੍ਰਿਤੀ ਦੀ ਨਕਸ਼ ਨੁਹਾਰ ਤੋਂ ਸੇਧ ਲੈ ਕੇ ਅਪਣੇ ਜੀਵਨ ਦੀ ਨਿਰਾਸ਼ਤਾ ਨੂੰ ਖਤਮ ਕਰਕੇ ਸੁਆਦਲਾ ਕਰ ਸਕਦੇ ਹਨ।

**Corresponding Author:**
**ਡਾ. ਹੰਸਪ੍ਰੀਤ ਕੌਰ**
ਸਹਾਇਕ ਪ੍ਰੋਫੈਸਰ, ਸ਼੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ, ਭਾਰਤ

"ਮੁੱਢ ਕਦੀਮ ਤੋਂ ਹੀ, ਸਾਹਿਤ ਮਨੁੱਖ ਦੀ ਮਾਨਸਿਕ ਤ੍ਰਿਪਤੀ ਦਾ ਅਮੁੱਲਾ ਸਾਧਨ ਰਿਹਾ ਹੈ। ਮਨੁੱਖ ਉਚੇਰਾ ਸੁਹਜ-ਰਸ ਤੇ ਅਨੰਦ, ਹਮੇਸਾਂ ਸਾਹਿਤ ਤੋਂ ਮਾਣਦਾ ਰਿਹਾ ਹੈ। ਸਾਹਿਤ ਕੋਮਲ ਭਾਵਾਂ ਦਾ ਸੁਹਜਮਈ ਪ੍ਰਗਟਾਵਾ ਹੈ ਤੇ ਇਸਦੇ ਅੰਤਰਗਤ ਉਹ ਸਭ ਸਾਰਥਕ ਕਲਾਤਮਕ ਅਭਿਵਿਅਕਤੀਆਂ ਸ਼ਾਮਲ ਹਨ, ਜੋ ਮਨੁੱਖ ਨੂੰ ਸੁਹਜ ਸਵਾਦ ਦੇਂਦੀਆਂ ਤੇ ਜੀਵਨ ਅਗਵਾਈ ਕਰਦੀਆਂ ਹਨ, ਭਾਵੇਂ ਉਨ੍ਹਾਂ ਨੇ ਲਿਖਤ ਜਾਮਾਂ ਪਹਿਨਿਆ ਹੋਵੇ ਤੇ ਭਾਵੇਂ ਨਾਂ[1] ਸੋ ਲੋਕ ਸਾਹਿਤ ਦੀਆਂ ਇਹਨਾਂ ਵਿਭਿੰਨ ਵੰਨਗੀਆਂ ਵਿਚ ਮਨੁੱਖੀ ਜੀਵਨ ਨਾਲ ਸੰਬੰਧਿਤ ਵਰਤ-ਵਰਤਾਰੇ, ਕਾਰ-ਵਿਹਾਰ ਅਤੇ ਰੀਤੀ-ਰਿਵਾਜ ਆਮ ਹੀ ਦੇਖਣ ਨੂੰ ਮਿਲ ਜਾਂਦੇ ਹਨ।

ਮਨੁੱਖੀ ਜ਼ਿੰਦਗੀ ਵਿਚ ਨਿਭਾਈਆਂ ਜਾਂਦੀਆਂ ਰੀਤਾਂ-ਰਸਮਾਂ ਅਤੇ ਕਾਰ-ਵਿਹਾਰਾਂ ਦਾ ਜੇਕਰ ਗਹਿਨ ਅਧਿਐਨ ਤੇ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਿੱਧ ਹੁੰਦਾ ਹੈ ਕਿ ਇਹਨਾਂ ਰੀਤਾਂ-ਰਸਮਾਂ ਦੀ ਸ਼ੁਰੂਆਤ ਮਨੁੱਖ ਦੇ ਜਨਮ ਤੋਂ ਪਹਿਲਾਂ ਹੀ ਹੋ ਜਾਂਦੀ ਹੈ ਜੋ ਕਿ ਮਨੁੱਖ ਦੇ ਮਰਨ ਤੋਂ ਬਾਅਦ ਵੀ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰ, ਸਾਕ ਸਬੰਧੀਆਂ ਦੁਆਰਾ ਨਿਭਾਈ ਜਾਂਦੀ ਹੈ। ਇਸੇ ਤਰ੍ਹਾਂ ਮਨੁੱਖੀ ਜੀਵਨ ਦੇ ਹਰੇਕ ਪਹਿਲੂ ਅਤੇ ਉਮਰ ਨਾਲ ਲੋਕ ਗੀਤਾਂ ਦਾ ਵਿਸ਼ੇਸ਼ ਸੰਬੰਧ ਨਜ਼ਰ ਆ ਜਾਂਦਾ ਹੈ। " ਲੋਕ ਗੀਤ ਪੰਜਾਬ ਦੇ ਲੋਕ ਜੀਵਨ ਦਾ ਅਨਿੱਖੜ ਅੰਗ ਹਨ। ਜੰਮਣ ਤੋਂ ਮੌਤ ਤੱਕ ਪੰਜਾਬ ਦੇ ਜੀਵਨ ਦਾ ਕੋਈ ਵੀ ਪੱਖ ਅਜੇਹਾ ਨਹੀਂ ਹੈ, ਜਿਸ ਸਬੰਧੀ ਲੋਕ ਗੀਤ ਉਪਲਬਧ ਨਾ ਹੋਣ। ਇਹਨਾਂ ਲੋਕ ਗੀਤਾਂ ਦੀ ਵਿਸ਼ਾਲ ਭਾਵਨਾ ਨੂੰ ਮੁੱਖ ਰੱਖ ਕੇ ਇਹ ਧਾਰਨਾ ਆਮ ਪ੍ਰਚਲਿਤ ਰਹੀ ਹੈ ਕਿ ਪੰਜਾਬੀ ਗੀਤਾਂ ਵਿਚ ਜੰਮਦਾ ਹੈ; ਲੋਰੀਆਂ, ਥਾਲਾਂ, ਧਮਾਲਾਂ ਵਿਚ ਇਸਦਾ ਪਾਲਣ ਪੋਸ਼ਣ ਹੁੰਦਾ ਹੈ, ਘੋੜੀਆਂ, ਸੁਹਾਗਾਂ, ਸਿੱਠਣੀਆਂ, ਛੰਦਾਂ ਅਤੇ ਗਿੱਧਿਆਂ ਵਿਚ ਵਿਆਹਿਆ ਜਾਂਦਾ ਹੈ; ਅਤੇ ਇਸਦਾ ਅੰਤਿਮ ਸੰਸਕਾਰ ਵੀ ਅਲਾਹਣੀਆਂ ਤੇ ਕੀਰਨੀਆਂ ਦੇ ਰੂਪ ਵਿਚ ਗੀਤਾਂ ਰਾਹੀਂ ਹੀ ਹੁੰਦਾ ਹੈ"[2]

ਕਿਸੇ ਵੀ ਸਭਿਆਚਾਰ ਵਿਚ ਰੀਤਾਂ-ਰਸਮਾਂ ਦੀ ਖ਼ਾਸ ਅਹਿਮੀਅਤ ਹੁੰਦੀ ਹੈ। ਇਹ ਰਸਮ-ਰਿਵਾਜ ਸਭਿਆਚਾਰ ਦਾ ਅਟੁੱਟ ਅੰਗ ਹੁੰਦੇ ਹਨ। ਪੰਜਾਬੀ ਸੱਭਿਆਚਾਰ ਵਿਚ ਇਹਨਾਂ ਰਸਮਾਂ ਰਿਵਾਜਾਂ ਦੀ ਸ਼ੁਰੂਆਤ ਮਨੁੱਖ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦੀ ਹੈ, ਜੋ ਕਿ ਮੌਤ ਤੋਂ ਬਾਅਦ ਤੱਕ ਵੀ ਨਾਲ-ਨਾਲ ਚੱਲਦੇ ਰਹਿੰਦੇ ਹਨ। ਲੋਕ ਗੀਤ ਲੋਕ ਮਨੋਰੰਜਨ ਦੇ ਸਾਧਨਾਂ ਵਜੋਂ ਸਾਹਮਣੇ ਆਉਂਦੇ ਹਨ, ਉੱਥੇ ਨਾਲ ਹੀ ਇਹਨਾਂ ਵਿੱਚ ਵਿਅੰਗ, ਹਾਸਾ-ਠੱਠਾ, ਵੱਖ-ਵੱਖ ਰਿਸ਼ਤਿਆਂ ਦੀ ਪੇਸ਼ਕਾਰੀ ਹੋਣ ਦੇ ਨਾਲ-ਨਾਲ ਵਿਭਿੰਨ ਤਰ੍ਹਾਂ ਦੇ ਸਭਿਆਚਾਰਕ ਪੱਖਾਂ ਦੀ ਤਰਜਮਾਨੀ ਹੋਈ ਵੀ ਮਿਲ ਜਾਂਦੀ ਹੈ।

ਪੰਜਾਬੀ ਲੋਕ ਗੀਤਾਂ ਦੇ ਰਾਹੀਂ ਔਰਤ ਵੱਲੋਂ ਵਿਭਿੰਨ ਰਿਸ਼ਤਿਆਂ ਦੇ ਪ੍ਰਤੀ ਮੋਹ ਨੂੰ ਪੇਸ਼ ਕੀਤਾ ਗਿਆ ਹੈ। ਖ਼ਾਸ ਕਰਕੇ ਉਸ ਦਾ ਵਿਸ਼ੇਸ਼ ਮੋਹ ਆਪਣੇ ਲਹੂ ਤੇ ਪਰਿਵਾਰ ਦੇ ਰਿਸ਼ਤਿਆਂ ਬਾਬਲ, ਮਾਂ, ਭਰਾ, ਭੈਣ, ਦਾਦਾ ਦਾਦੀ ਤੇ ਚਾਚੇ ਤਾਇਆਂ ਨਾਲ ਹੈ। ਇਸ ਤੋਂ ਇਲਾਵਾ ਮਾਂ ਦੇ ਲਹੂ ਦੇ ਰਿਸ਼ਤੇ ਜਿਵੇਂ ਮਾਮਾ, ਨਾਨਾ ਆਦਿ ਦੇ ਨਾਲ ਹੈ। ਇਨ੍ਹਾਂ ਲੋਕਗੀਤਾਂ ਵਿੱਚ ਵਿਭਿੰਨ ਰਿਸ਼ਤੇ ਤੇ ਉਨ੍ਹਾਂ ਨਾਲ ਸਬੰਧਿਤ ਵਿਭਿੰਨ ਮਨੋਭਾਵ ਉਜਾਗਰ ਹੋ ਗਏ ਹਨ।

ਪਿਓ ਧੀ ਦਾ ਰਿਸ਼ਤਾ ਸਾਡੇ ਸਮਾਜ ਵਿੱਚ ਬਹੁਤ ਗਹਿਰਾ ਮੰਨਿਆ ਜਾਂਦਾ ਹੈ ਧੀ ਦਾ ਪਿਉ ਨਲ ਵਿਸ਼ੇਸ਼ ਮੋਹ ਹੁੰਦਾ ਹੈ ਧੀ ਦਾ ਪਿਓ ਚਾਹੇ ਉਹ ਗ਼ਰੀਬ ਹੋਵੇ ਜਾਂ ਅਮੀਰ ਧੀ ਲਈ ਸਭ ਤੋਂ ਅਮੀਰ ਹੁੰਦਾ ਹੈ ਕਿਉਂਕਿ ਉਸ ਦੀ ਮਾਨਸਿਕਤਾ ਵਿੱਚ ਵੱਸੀ ਪਿਉ ਦੀ ਤਸਵੀਰ ਉਸ ਨੂੰ ਸਭ ਤੋਂ ਵੱਧ ਪਿਆਰੀ ਹੈ ਲੋਕ ਗੀਤਾਂ ਵਿੱਚ ਇਸ ਦੀ ਉਦਾਹਰਣ ਸ਼ਾਮਿਲ ਹੈ ਕਿ ਵਿਅਕਤੀ ਜਿਸ ਦੀ ਧੀ ਕੁਆਰੀ ਹੈ ਉਹ ਆਪਣੀ ਧੀ ਦੀ ਖ਼ੁਸ਼ੀ ਲਈ ਦੂਜੇ ਸਾਹਮਣੇ ਝੁਕ ਵੀ ਜਾਂਦਾ ਹੈ।

ਜਿਵੇਂ
ਬਾਬਲ ਕਿਉਂ ਨਿਵਿਆਂ
ਧਰਮੀ ਕਿਉਂ ਨਿਵਿਆਂ
ਇਸ ਬਾਬਲ ਦੀ ਕੰਨਿਆ ਕੁਆਰੀ
ਨੀਂ ਬਾਬਲ ਧਰਮਾ ਤਾਂ ਨਿਵਿਆਂ (ਲੋਕ ਗੀਤ)

ਦਾਦਾ ਤੇ ਪੋਤੀ ਦਾ ਰਿਸ਼ਤਾ ਵੀ ਸਾਡੇ ਸਮਾਜ ਚ ਵਿਸ਼ੇਸ਼ ਮੋਹ ਵਾਲਾ ਹੈ ਜਦੋਂ ਵੀ ਕੁੜੀ ਦੇ ਵਿਆਹ ਜਾਂ ਮੁੰਡੇ ਦਾ ਵਿਆਹ ਵੇਲੇ ਸੁਹਾਗ ਜਾਂ ਘੋੜੀਆਂ ਗਾਈਆਂ ਜਾਂਦੀਆਂ ਹਨ ਇਨ੍ਹਾਂ ਰਿਸ਼ਤਿਆਂ ਦੇ ਮਾਣ ਸਤਿਕਾਰ ਦੀ ਚਰਚਾ ਹਮੇਸ਼ਾ ਹੁੰਦੀ ਆਈ ਹੈ।

ਬਾਬਾ ਮੇਰਿਆ ਵੇ ਦੇਸਾਂ ਦਿਆਂ ਰਾਜਿਆਂ
ਤੈਂ ਮੈਨੂੰ ਮੰਗਿਆ ਨਦੀਆਂ ਤੋਂ ਪਾਰ ਵੇ
ਪੋਤੀ ਮੇਰੀਏ ਨੀ ਸੰਜੋਗਾਂ ਦੀਏ ਘੇਰੀਏ
ਕਾਹਨ ਤੇਰਾ ਜੰਮਿਆ ਨਦੀਆਂ ਤੋਂ ਪਾਰ (ਲੋਕ ਗੀਤ)

ਇੱਥੇ ਔਰਤ ਆਪਣੇ ਦਾਦੇ ਨੂੰ ਉਸ ਦਾ ਰਿਸ਼ਤਾ ਦੂਰ ਕਰਨ ਤੇ ਉਲਾਂਭਾ ਦਿੰਦੀ ਹੈ ਕਿਉਂਕਿ ਉਹ ਪਿਆਰ ਵੱਸ ਉਨ੍ਹਾਂ ਕੋਲੋਂ ਦੂਰ ਨਹੀਂ ਜਾਣਾ ਚਾਹੁੰਦੀ ਪ੍ਰੰਤੂ ਦਾਦਾ ਉਸ ਨੂੰ ਧਰਵਾਸ ਦਿੰਦਾ ਅਤੇ ਕਹਿੰਦਾ ਹੈ ਕਿ ਪਰ ਕਿਸਮਤ ਵਿੱਚ ਹੀ ਅਜਿਹਾ ਸੀ ਕਿਉਂਕਿ ਜਿਸ ਨਾਲ ਤੇਰੇ ਸੰਯੋਗ ਜੁੜੇ ਹੋਏ ਹਨ ਉਹ ਨਦੀਆਂ ਤੋਂ ਪਾਰ ਭਾਵ ਦੂਰ ਵਸਦਾ ਹੈ।

ਪੰਜਾਬੀ ਲੋਕ ਗੀਤਾਂ ਵਿੱਚ ਭੈਣ ਅਤੇ ਭਰਾ ਦੇ ਰਿਸ਼ਤੇ ਦੀਆਂ ਅਨੇਕਾਂ ਉਦਾਹਰਨਾਂ ਹਨ ਜੋ ਮੋਹ ਇੱਕ ਭੈਣ ਦਾ ਭਰਾ ਨਾਲ ਹੁੰਦਾ ਹੈ। ਉਹ ਨਿੱਘ ਦੁਨੀਆਂ ਵਿਚ ਹੋਰ ਕਿਤੇ ਭੈਣ ਨੂੰ ਨਹੀਂ ਮਿਲਦਾ। ਇਸ ਦਾ ਇਕ ਕਾਰਨ ਸ਼ਾਇਦ ਮਾਂ ਪਿਓ ਤੋਂ ਬਾਅਦ ਜੇਕਰ ਔਰਤ ਕਿਸੇ ਤੇ ਵਿਸ਼ਵਾਸ ਕਰ ਸਕਦੀ ਸੀ ਤਾਂ ਉਹ ਭਰਾ ਦਾ ਰਿਸ਼ਤਾ ਹੈ ਜੋ ਇਕ ਬਾਪ ਦੀ ਤਰ੍ਹਾਂ ਭੈਣ ਨਾਲ ਮੋਹ ਅਤੇ ਸਾਂਝ ਦਾ ਰਿਸ਼ਤਾ ਨਿਭਾਉਂਦਾ ਹੈ ਤੇ ਭੈਣਾ ਦਾ ਵੀ ਆਪਣੇ ਭਰਾ ਦੇ ਪ੍ਰਤੀ ਪਿਆਰ ਡੁੱਲ੍ਹ ਡੁੱਲ੍ਹ ਪੈਂਦਾ ਹੈ ਤੇ

ਉਸ ਦਾ ਵਿਆਹ ਦੀ ਖੁਸ਼ੀ ਵਿੱਚ ਗਾਈਆਂ ਜਾਂਦੀਆਂ ਘੋੜੀਆਂ ਵਿੱਚ ਉਸ ਤੋਂ ਬਹੁਮੁੱਲੀਆਂ ਚੀਜ਼ਾਂ ਵਾਰਨ ਲਈ ਤਿਆਰ ਰਹਿੰਦੀ ਹੈ।

ਆਪਣੇ ਵੀਰੇ ਤੋਂ ਮੈਂ ਕੀ ਕੁਝ ਵਾਰਾਂ
ਜੋ ਜੋ ਵਾਰਾਂ ਉਹ ਥੋੜ੍ਹਾ ਏ
ਪੰਜ ਰੁਪਈਓ ਮੈਂ ਗਿਣ ਗਿਣ ਵਾਰਾਂ
ਸੱਠਾਂ ਦਾ ਸਿਲਮ ਸਿਤਾਰਾ ਏ(ਲੋਕ ਗੀਤ)

ਜਦੋਂ ਕੁੜੀ ਦਾ ਵਿਆਹ ਧਰਿਆ ਜਾਂਦਾ ਹੈ ਤਾਂ ਉਹ ਵੀ ਆਪਣੇ ਵੀਰ ਤੋਂ ਵਿਛੜਨ ਤੋਂ ਡਰਦੀ ਹੈ ਅਜਿਹੀ ਮਾਨਸਿਕਤਾ ਦਾ ਪ੍ਰਗਟਾਵਾ ਇੰਜ ਮਿਲਦਾ ਹੈ।

ਨਿੱਕੀ ਸੂਈ ਵੱਟਵਾਂ ਧਾਗਾ ਬੈਠ ਕਸੀਦਾ ਕੱਢਦੀ ਹਾਂ
ਆਉਂਦੇ ਜਾਂਦੇ ਰਾਹੀ ਪੁੱਛਦੇ ਤੂੰ ਕਿਉਂ ਬੀਬਾ ਰੋ ਰਹੀ ਹਾਂ
ਵੀਰ ਮੇਰੇ ਕਾਜ ਰਚਾਇਆ ਮੈਂ ਪਰਦੇਸਣ ਹੋ ਰਹੀ ਹਾਂ (ਲੋਕ ਗੀਤ)

ਲੋਕ ਗੀਤਾਂ ਵਿੱਚ ਲੜਕੀ ਦੇ ਮਾਂ ਤੇ ਪਿਉ ਨਾਲ ਸੰਬੰਧਿਤ ਰਿਸ਼ਤਿਆਂ ਦੀ ਪੇਸ਼ਕਾਰੀ ਹੋਈ ਮਿਲਦੀ ਹੈ। ਕੁੜੀ ਦੇ ਪਿਉ ਨਾਲ ਸੰਬੰਧਤ ਰਿਸ਼ਤੇ ਜਿਵੇਂ (ਦਾਦਾ ਦਾਦੀ, ਚਾਚਾ ਚਾਚੀ, ਤਾਇਆ ਤਾਈ) ਤੇ ਮਾਂ ਨਾਲ ਸੰਬੰਧਤ ਰਿਸ਼ਤੇ ਜਿਵੇਂ (ਮਾਮਾ ਮਾਮੀ, ਨਾਨਾ ਨਾਨੀ) ਦਾ ਜ਼ਿਕਰ ਹੋਇਆ ਮਿਲਦਾ ਹੈ।

ਜਿੱਥੇ ਉਪਰੋਕਤ ਇਹ ਰਿਸ਼ਤਿਆਂ ਦਾ ਜ਼ਿਕਰ ਆਉਂਦਾ ਹੈ, ਉੱਥੇ ਧੀ ਅਤੇ ਮਾਂ ਦੇ ਰਿਸ਼ਤੇ ਦੇ ਪਿਆਰ ਨੂੰ ਇਕ ਵੱਖਰੇ ਅੰਦਾਜ਼ ਨਾਲ ਪੇਸ਼ ਕੀਤਾ ਜਾਂਦਾ ਹੈ

ਕਣਕ ਛੌਲਿਆਂ ਦਾ ਖੇਤ ਹੌਲੀ ਹੌਲੀ ਨਿੱਸਰ ਗਿਆ
ਬਾਬਲ ਧਰਮੀ ਤਾਂ ਦੇਸ਼ ਹੌਲੀ ਹੌਲੀ ਵਿਸਰ ਗਿਆ
ਮਾਏ ਮੰਦੜੇ ਬੋਲ ਨਾ ਬੋਲ ਅਸੀਂ ਤੇਰੇ ਨਾ ਆਵਾਂਗੇ
ਬਾਬਲ ਧਰਮੀ ਦੇ ਦੇਸ ਕਦੀ ਫੇਰਾ ਪਾ ਜਾਵਾਂਗੇ (ਲੋਕ ਗੀਤ)

ਇੱਥੇ ਮਾਂ ਆਪਣੀ ਧੀ ਸੁਚੱਜੀ ਬਣਾਉਣ ਖ਼ਾਤਰ ਕੁਝ ਮੰਦੜੇ ਬੋਲ ਬੋਲ ਰਹੀ ਹੈ ਪ੍ਰੰਤੂ ਧੀ ਜਿਸ ਨੇ ਘਰ ਛੱਡ ਕੇ ਜਾਣਾ ਹੈ ਉਸ ਕੋਲ ਇਸ ਸਹਿਣ ਨਹੀਂ ਹੋ ਰਿਹਾ ਧੀ ਉਹ ਆਪਣੇ ਭਾਵਾਂ ਦਾ ਬਿਆਨ ਲੋਕ ਗੀਤਾਂ ਦੇ ਰਾਂਹੀ ਕਰਦੀ ਹੈ।

ਇਨ੍ਹਾਂ ਲੋਕ ਗੀਤਾਂ ਵਿੱਚ ਜਿੱਥੇ ਸੁਹਾਗ ਗੀਤ ਦੇ ਰਾਹੀਂ ਧੀ ਦੇ ਘਰ ਛੱਡ ਜਾਣ ਦੇ ਬਿਰਹਾ ਨੂੰ ਬਿਆਨ ਕੀਤਾ ਗਿਆ ਹੈ, ਉੱਥੇ ਹੀ ਘੋੜੀਆਂ ਦੇ ਰਾਹੀਂ ਘਰ ਵਿੱਚ ਖ਼ੁਸ਼ੀ ਦੇ ਮਾਹੌਲ ਨੂੰ ਸਿਰਜਿਆ ਗਿਆ ਹੈ। ਇਸ ਤੋਂ ਇਲਾਵਾ ਲੋਕ ਗੀਤਾਂ ਵਿਚ ਪਤੀ ਪਤਨੀ ਦੇ ਰਿਸ਼ਤੇ ਦੀ ਰੁਮਾਂਚਿਕਤਾ ਨੂੰ ਦਰਸਾਇਆ ਗਿਆ ਹੈ। ਇਨ੍ਹਾਂ ਰਿਸ਼ਤਿਆਂ ਵਿੱਚ ਅਸੀਂ ਵਿਆਹ ਤੋਂ ਬਾਅਦ ਉਪਜੇ ਰਿਸ਼ਤੇ ਜਿਵੇਂ (ਪਤੀ ਪਤਨੀ, ਜੇਠ ਜਠਾਣੀ, ਦਿਉਰ ਦਰਾਣੀ, ਸੱਸ ਨਣਦ ਨਣਦੋਈਆ) ਆਦਿ ਰੱਖਦੇ ਹਾਂ।

ਜਿਵੇਂ
ਪਤੀ ਪਤਨੀ ਦੀ ਨੋਕ ਝੋਕ ਤੇ ਆਧਾਰਿਤ ਗੀਤ
ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ
ਆਵੇ ਸਾਹਮਣੇ ਕੋਲੋਂ ਦੀ ਰੁੱਸ ਕੇ ਨਾ ਲੰਘ ਮਾਹੀਆ।
(ਲੋਕ ਗੀਤ)

ਇਸ ਤੋਂ ਇਲਾਵਾ ਮੱਖਣ ਤੇ ਸੰਧੂਰ ਰੰਗ ਮਾਹੀਏ ਦਾ ਲੋਕ ਗੀਤ ਵਿੱਚ ਵਿਆਹ ਤੋਂ ਬਾਅਦ ਬਣੇ ਸਾਰੇ ਰਿਸ਼ਤਿਆਂ ਦਾ ਹਵਾਲਾ ਮਿਲ ਜਾਂਦਾ ਹੈ।

ਮੱਖਣ ਤੇ ਸੰਧੂਰ ਰੰਗ ਮਾਹੀਏ ਦਾ
ਸ਼ਾਵਾ ਰੰਗ ਮਾਹੀਏ ਦਾ
ਇਕ ਸਾਡੀ ਸੱਸ ਜੀ ਬੁਰੀ
ਇਕ ਸਾਡਾ ਸਹੁਰਾ ਜੀ ਬੁਰਾ
ਇਕ ਸਾਡਾ ਜੇਠ ਜੀ ਬੁਰਾ
ਇਕ ਸਾਡੀ ਨਣਦ ਜੀ ਬੁਰੀ (ਲੋਕ ਗੀਤ)

ਇਨ੍ਹਾਂ ਲੋਕ ਗੀਤਾਂ ਦੇ ਰਾਹੀਂ ਆਉਣ ਵਾਲੀ ਪੀੜ੍ਹੀ ਨੂੰ ਵਿਆਹ ਤੋਂ ਪਹਿਲਾਂ ਲੜਕੀ ਦੇ ਰਿਸ਼ਤੇ ਤੇ ਵਿਆਹ ਤੋਂ ਬਾਅਦ ਬਣੇ ਰਿਸ਼ਤਿਆਂ ਦੀ ਸਮੀਕਰਨ ਬੜੇ ਸੌਖੇ ਤਰੀਕੇ ਨਾਲ ਸਮਝਾਈ ਜਾ ਸਕਦੀ ਹੈ।

ਵਿਆਹ ਤੋਂ ਬਾਅਦ ਸੱਸ ਸਹੁਰਾ ਜੇਠ ਜੇਠਾਣੀ ਦਿਉਰ ਦਰਾਣੀ ਤੇ ਨਣਦ ਨਣਦੋਈਆ ਰਿਸ਼ਤੇ ਬਣਦੇ ਹਨ।

ਪੰਜਾਬੀ ਲੋਕ ਗੀਤਾਂ ਵਿੱਚ ਕੁਝ ਕੁ ਰਿਸ਼ਤੇ ਨੋਕ ਝੋਕ ਵਾਲੇ ਗਿਣੇ ਜਾਂਦੇ ਹਨ ਪਰੰਤੂ ਹਰ ਥਾਂ ਤੇ ਇਹ ਰਿਸ਼ਤੇ ਉਨ੍ਹਾਂ ਪੱਖੀ ਨਹੀਂ ਵਿਚਰਦੇ ਕਿਤੇ ਇਨ੍ਹਾਂ ਦੀ ਲੋਚਾ ਵੀ ਦਿਸਦੀ ਹੈ ਜਿਵੇਂ ਸੱਸ ਨਨਾਣ ਤੇ ਜਠਾਣੀ ਆਦਿ ਰਿਸ਼ਤਿਆਂ ਸਬੰਧੀ ਗੀਤਾਂ ਵਿੱਚ ਨੋਕ ਝੋਕ ਵੇਖਣ ਨੂੰ ਮਿਲਦੀ ਹੈ।

ਆਪ ਸੱਸ ਮੰਜੇ ਲੇਟਦੀ
ਸਾਨੂੰ ਮਾਰਦੀ ਤਾਨੇ
ਸਾਥੋਂ ਚੱਕੀ ਨਹੀਂ ਪਿਸਦੀ (ਲੋਕ ਗੀਤ)

ਪੰਜਾਬੀ ਰਿਸ਼ਤਿਆਂ ਦੇ ਸਮੀਕਰਨਾਂ ਵਿੱਚੋਂ ਕੁੜੀ ਦੀ ਵਿਆਹ ਬਾਅਦ ਬਣੇ ਰਿਸ਼ਤਿਆਂ ਵਿੱਚੋਂ ਮੋਹ ਵਾਲਾ ਰਿਸ਼ਤਾ ਦਿਉਰ ਨਾਲ ਬਣਦਾ ਹੈ ਇਨ੍ਹਾਂ ਦਾ ਜ਼ਿਕਰ ਵਾਰ ਵਾਰ ਲੋਕ ਗੀਤਾਂ ਵਿੱਚ ਆਉਂਦਾ ਹੈ

ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਓਏ
ਛੋਟਾ ਦੇਵਰਾ ਭਾਬੀ ਨਾਲ ਲੜਿਆ ਈ ਓਏ। (ਲੋਕ ਗੀਤ)

ਲੋਕ ਗੀਤਾਂ ਦਾ ਵਿਸ਼ਲੇਸ਼ਣ ਰਿਸ਼ਤਿਆਂ ਦੇ ਨਜਰੀਏ ਤੋਂ ਕਰਨ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਲੋਕ ਗੀਤਾਂ ਵਿੱਚ ਔਰਤ ਦੀ

ਮਾਨਸਿਕਤਾ ਦੀ ਤਸਵੀਰ ਨਜ਼ਰ ਆਉਂਦੀ ਹੈ। ਇਸ ਤੋਂ ਇਲਾਵਾ ਇੰਨਾਂ ਲੋਕ ਗੀਤਾਂ ਵਿੱਚ ਪੰਜਾਬੀ ਸੱਭਿਆਚਾਰ ਤੇ ਸਮਾਜ ਦੇ ਵਿਭਿੰਨ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ।

**ਹਵਾਲੇ ਤੇ ਟਿੱਪਣੀਆਂ**


1. ਸੋਹਿੰਦਰ ਸਿੰਘ ਬੇਦੀ, ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ, ਪੰਨਾ 115.
2. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 116.
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1381.